# "ਕਾਲੇ ਅਫ਼ਗਾਨੇ ਦੇ ਝੂਠੇ ਬਹਾਨੇ"

## ਬਹਿਸ ਤੋਂ ਭੱਜਾ ਕੌਣ ? ਕਾਲਾ ਅਫ਼ਗਾਨਾ ਕਿ ਸਿੱਖ ਸੰਗਤਾਂ ?

ਅਪ੍ਰੈਲ ੩੦, ੨੦੦੪, ਹੇਵਰਡ ਕੈਲੇਫ਼ੋਰਨੀਆ

ਸਾਨੂੰ ਅਖਬਾਰਾਂ ਵਿਚ ਪੜ੍ਹ ਕੇ ਬੜੀ ਹੈਰਾਨੀ ਹੋਈ ਹੈ ਕਿ ਪੰਥ ਵਿਚੋਂ ਛੇਕਿਆ ਗੁਰਬਖਸ਼ 'ਸਿੰਘ' ਕਾਲਾ-ਅਫ਼ਗਾਨਾ ਅਜ ਕਲ ਪੰਜਾਬ ਵਿਚ ਗਿਆ ਹੋਇਆ ਹੈ ਅਤੇ ਲੋਕਾਂ ਨੂੰ ਗੁਮਰਾਹ ਕਰ ਰਿਹਾ ਹੈ ਕਿ ਮੈਨੂੰ ਪੰਥ ਚੋਂ ਛੇਕਣ ਤੋਂ ਪਹਿਲਾਂ ਸ੍ਰੀ ਅਕਾਲ ਤਖਤ ਸਾਹਿਬ ਨੇ ਮੇਰਾ ਪੱਖ ਨਹੀ ਸੁਣਿਆ, ਅਤੇ ਇਹ ਵਿਅਕਤੀ ਸਿਖ ਸੰਗਤਾਂ ਨੂੰ ਬਹਿਸ ਕਰਨ ਲਈ ਚੈਲਿੰਜ ਕਰ ਰਿਹਾ ਹੈ। ਸੰਗਤਾਂ ਜਾਣਦੀਆਂ ਹਨ ਕਿ ਇਸ ਨੂੰ ਦੋ ਵਾਰ ਸ੍ਰੀ ਅਕਾਲ ਤਖਤ ਸਾਹਿਬ ਤੇ ਸੱਦਿਆ ਗਿਆ ਪਰ ਇਹ ਹਰ ਵਾਰ ਕੋਈ ਨਾ ਕੋਈ ਝੂਠਾ ਬਹਾਨਾ ਬਣਾਉਦਾ ਰਿਹਾ।

ਅਸੀਂ ਸੰਗਤਾਂ ਦੀ ਜਾਣਕਾਰੀ ਵਾਸਤੇ ਦੱਸਣਾ ਚਾਹੁੰਦੇ ਹਾਂ ਕਿ ਇਸਨੂੰ ਅਮਰੀਕਾ ਅਤੇ ਕੈਨੇਡਾ ਦੇ ਗੁਰਸਿੱਖਾਂ ਅਤੇ ਸਿੱਖ ਸੰਸਥਾਵਾਂ ਨੇ ਕਈ ਵਾਰੀ ਰੇਡੀਉ, ਅਖਬਾਰ, ਅਤੇ ਗੁਰਦੁਆਰਾ ਸਾਹਿਬ ਵਿਚ ਜਾਂ ਕਿਸੇ ਹੋਰ ਥਾਂ ਤੇ ਖੁਲ੍ਹੀ ਬਹਿਸ ਕਰਨ ਦਾ ਸੱਦਾ ਦਿਤਾ ਸੀ। ਪਰ ਕਾਲਾ ਅਫ਼ਗਾਨਾ ਹਰੇਕ ਥਾਂ ਤੋਂ ਭੱਜਦਾ ਰਿਹਾ। ਆਪ ਜੀ ਦੀ ਜਾਣਕਾਰੀ ਵਾਸਤੇ ਅਸੀਂ ਕੁਝ ਮਿਤੀਵਾਰ ਘਟਨਾਵਾਂ ਦਾ ਜ਼ਿਕਰ ਕਰਨਾ ਚਾਹੁੰਦੇ ਹਾਂ :

(੧) ਮਈ ੨੦੦੨ ਵਿੱਚ ਕਾਲਾ ਅਫ਼ਗਾਨਾ ਅਮਰੀਕਾ ਦੇ ਨਿਊ ਜਰਸੀ (New Jersey) ਸਟੇਟ ਦੇ ਗਲੈਨ ਰੌਕ ਗੁਰਦੁਆਰਾ ਸਾਹਿਬ ਵਿੱਚ ਬੋਲਿਆ, ਜਿੱਥੇ ਇੱਸ ਨੇ ਕਿਹਾ ਕਿ ੧੬੯੯ ਵਿਸਾਖੀ ਵਾਲੇ ਦਿਨ ਕੋਈ ਅੰਮ੍ਰਿਤ ਨਹੀ ਛਕਾਇਆ ਗਿਆ। ਇਸਨੇ ਅੰਮ੍ਰਿਤ ਸੰਚਾਰ ਅਤੇ ਨਿਤਨੇਮ ਦੀਆਂ ਬਾਣੀਆਂ ਬਾਰੇ ਕੁਫ਼ਰ ਤੋਲੇ। ਇਸ ਦੇ ਰੋਸ ਵਜੋਂ ਨਿਊ ਯਾਰਕ ਅਤੇ ਨਿਊ ਜਰਸੀ ਸਟੇਟਾਂ ਦੀਆਂ ਸੰਗਤਾਂ ਨੇ ੧੯ ਮਈ ੨੦੦੨ ਨੂੰ ਮੀਟਿੰਗ ਕਰਕੇ ਇੱਸ ਦੀ ਗਲਤ ਬਿਆਨ ਬਾਜ਼ੀ ਤੇ ਤਿੱਖਾ ਪ੍ਰਤੀਕਰਮ ਕੀਤਾ, ਅਤੇ ਮਤਾ ਪਾਸ ਕਰਕੇ ਅਖਬਾਰਾਂ ਰਾਹੀਂ ਸਿੱਖ ਸੰਗਤਾਂ ਨੂੰ ਇੱਸ ਸ਼ਖਸ ਤੋਂ ਸੁਚੇਤ ਰਹਿਣ ਦੀ ਅਪੀਲ ਕੀਤੀ।

(੨) ੬ ਜੁਲਾਈ ੨੦੦੨ ਨੂੰ ਅਮਰੀਕਾ ਦੀ ਕੈਲੇਫ਼ੋਰਨੀਆ ਸਟੇਟ ਦੇ ਸਟੌਕਟਨ ਸ਼ਹਿਰ ਦੇ ਇਤਿਹਾਸਕ ਗਦਰੀ ਬਾਬਿਆਂ ਦੇ ਗੁਰਦੁਆਰੇ ਵਿੱਚ ਕਾਲਾ ਅਫ਼ਗਾਨੇ ਬਾਰੇ ਮੀਟਿੰਗ ਹੋਈ। ਜਿੱਸ ਵਿੱਚ ਉਤਰੀ ਕੈਲੇਫ਼ੋਰਨੀਆ ਦੀਆਂ ਸਮੂੰਹ ਸਿੱਖ ਜਥੇਬੰਦੀਆਂ ਅਤੇ ਗੁਰਦੁਆਰਿਆਂ ਦੇ ਪ੍ਰਤਿਨਿਧਾਂ ਨੇ ਭਾਗ ਲਿਆ। ਇਸ ਮੀਟਿੰਗ ਵਿੱਚ ਕਾਲਾ ਅਫ਼ਗਾਨੇ ਦੇ ਖਿਲਾਫ਼ ਮਤੇ ਪਾਸ ਕੀਤੇ। ਜਿਨ੍ਹਾਂ ਵਿੱਚ ਉਸ ਦੀਆਂ ਲਿਖਤਾਂ ਨੂੰ ਬਾਈਕਾਟ ਕਰਨ ਦੀ ਬੇਨਤੀ ਕੀਤੀ ਅਤੇ ਸੰਗਤਾਂ ਨੂੰ ਉਸ ਨੂੰ ਅਤੇ ਉਸ ਦੇ ਸਮ੍ਰਥਕਾਂ ਨੂੰ ਕਿਸੇ ਵੀ ਪੰਥਕ ਸਟੇਜਾਂ ਤੋਂ ਨਾ ਬੋਲਣ ਦੇਣ ਦੀ ਅਪੀਲ ਕੀਤੀ। ਸੰਗਤਾਂ ਨੂੰ ਇਹ ਵੀ ਬੇਨਤੀ ਕੀਤੀ ਕਿ ਇਸ ਨੂੰ ਅਕਾਲ ਤਖਤ ਸਾਹਿਬ ਤੇ ਤਲਬ ਕਰਨ ਦੀ ਮੰਗ ਕੀਤੀ ਜਾਵੇ।

(੩) ੧੪ ਜੁਲਾਈ ੨੦੦੨ ਨੂੰ ਕਾਲਾ ਅਫ਼ਗਾਨਾ ਨੇ ਕੈਲੇਫ਼ੋਰਨੀਆ ਦੇ ਫ਼ਰਿਜ਼ਨੋ ਸ਼ਹਿਰ ਦੇ ਗੁਰਦੁਆਰਾ ਸਾਹਿਬ ਵਿਖੇ ਬੋਲਣਾ ਸੀ। ਇਸ ਲਈ ਸਿੱਖ ਸੰਗਤਾਂ ਇੱਕ ਦਿਨ ਪਹਿਲਾਂ ਹੀ ਇੱਥੇ ਪਹੁੰਚ ਗਈਆਂ ਅਤੇ ਉਨ੍ਹਾਂ ਨੇ ਕਾਲਾ ਅਫ਼ਗਾਨੇ ਨੂੰ ਉਨ੍ਹਾਂ ਨਾਲ ਗੱਲ ਕਰਨ ਲਈ ਅਤੇ ਸ਼ੰਕੇ ਨਵਿਰਤ ਕਰਨ ਲਈ ਕਿਹਾ। ਉਸ ਸਮੇ ਸਿੱਖ ਸੰਗਤਾਂ ਨੇ ਇਸ ਨੂੰ ਵਾਹਿਗੁਰੂ ਗੁਰਮੰਤ੍ਰ ਅਤੇ ਨਿਤਨੇਮ ਦੀਆਂ ਬਾਣੀਆਂ ਬਾਰੇ ਸੁਆਲ ਕੀਤੇ । ਇਸ ਨੇ ਕਿਹਾ ਕਿ ਵਾਹਿਗੁਰੂ ਗੁਰਮੰਤ੍ਰ ਨਹੀ ਹੈ ਅਤੇ ਹੋਰ ਵੀ ਕਿਸੇ ਗੱਲ ਦਾ ਤਸੱਲੀ ਬਖਸ਼ ਜੁਆਬ ਨਹੀ ਦੇ ਸਕਿਆ ਤੇ ਉਠ ਕੇ ਚਲਿਆ ਗਿਆ। ਦੂਸਰੇ ਦਿੱਨ ੧੪ ਜੁਲਾਈ ਨੂੰ ਇਹ ਉਸੇ ਹੀ ਗੁਰਦੁਆਰਾ ਸਾਹਿਬ ਫ਼ਿਰ ਬੋਲਿਆ ਅਤੇ ਨਿਤਨੇਮ ਦੀਆਂ ਬਾਣੀਆਂ ਬਾਰੇ ਸ਼ੰਕੇ ਕੀਤੇ। ਸੰਗਤਾਂ ਉਸ ਤੋਂ ਜਦ ਜੁਆਬ ਮੰਗਿਆ ਤਾਂ ਇਹ ਕੋਈ ਵੀ ਤਸੱਲੀ ਬਖਸ਼ ਜੁਆਬ ਦੇਣ ਦੇ ਅਸਮਰਥ ਰਿਹਾ ਤੇ ਸਟੇਜ ਛੱਡ ਕੇ ਚੱਲਾ ਗਿਆ। ਦੀਵਾਨ ਹਾਲ ਤੋਂ ਬਾਹਰ ਫ਼ਿਰ ਸੰਗਤਾਂ ਨੇ ਇਸ ਨੂੰ ਸੁਆਲ ਕੀਤੇ ਅਤੇ ਜੁਆਬ ਮੰਗਿਆ ਕਿ ਤੂੰ ਬਾਣੀ ਨੂੰ 'ਕੂੜ-ਕਬਾੜ' ਕਿਉਂ ਕਿਹਾ ਹੈ ? ਤਾਂ ਇਹ ਸਾਫ਼ ਮੁਕਰ ਗਿਆ ਕਿ ਮੈਂ ਇਹ ਗੱਲ ਨਹੀ ਕੀਤੀ। ਜਦੋਂ ਇਸ ਨੂੰ ਇਸ ਦੀ ਲਿਖਤ ਦਿਖਾਈ ਤਾਂ ਇਹ ਸਿਹਤ ਠੀਕ ਨਾਂ ਹੋਣ ਦਾ ਬਹਾਨਾ ਲਾਕੇ ਖਿਸਕ ਗਿਆ। ਇਸ ਦੇ ਸਬੂਤ ਵਜੋਂ ਸਾਡੇ ਪਾਸ ਇਸ ਦਾ ਵੀਡੀਉ ਮੌਜੂਦ ਹੈ।

(੪) ਇਸ ਪ੍ਰੋਗਰਾਮ ਤੋਂ ਬਾਅਦ ਹਰਦੇਵ ਸ਼ੇਰਗਿੱਲ ਨੇ ਭਰੋਸਾ ਦੁਆਇਆ ਕਿ ਮੈਂ ਤੁਹਾਡੀ ਕਾਲੇ ਅਫ਼ਗਾਨੇ ਨਾਲ ਪ੍ਰੈਸ ਅਤੇ ਵੀਡੀਉ ਕੈਮਰੇ ਦੇ ਸਾਹਮਣੇ ਗੱਲ ਬਾਤ ਕਰਵਾ ਦਿਆਂਗਾ, ਪਰ ਦੋ ਦਿਨ ਬਾਅਦ ਉਸ ਨੇ ਕਿਹਾ ਕਿ ਕਾਲਾ ਅਫ਼ਗਾਨਾ ਇਸ ਬਹਿਸ ਕਰਨ ਤੋਂ ਇਨਕਾਰੀ ਹੋ ਗਿਆ ਹੈ।

(੫) ੨੧ ਜੁਲਾਈ ੨੦੦੨ ਨੂੰ ਕੈਲੇਫ਼ੋਰਨੀਆ ਰੋਜ਼ਵਿਲ ਸ਼ਹਿਰ ਦੇ ਇਕ ਪੰਥ ਦੋਖੀ ਡੇਰੇਦਾਰ ਹਰਦੇਵ ਸ਼ੇਰਗਿੱਲ ਵਲੋਂ ਕਾਲੇ ਅਫ਼ਗਾਨੇ ਨੂੰ ਇਕ ਕਾਨਫ਼ਰੰਸ ਕਰਕੇ ਸੱਦਿਆ। ਸ਼ੇਰਗਿੱਲ ਨੇ ਆਮ ਸੰਗਤਾਂ ਨੂੰ ਅੰਦਰ ਨਹੀਂ ਆਉਣ ਦਿੱਤਾ ਅਤੇ ਡੇਰੇ ਦੇ ਗੇਟਾਂ ਨੂੰ ਅੰਦਰੋਂ ਜਿੰਦਰੇ ਮਾਰ ਲਏ ਅਤੇ ਕਾਫ਼ੀ ਗਿਣਤੀ ਵਿੱਚ ਪੁਲੀਸ ਨੂੰ ਸੱਦ ਲਿਆ। ਸਿੱਖ ਸੰਗਤਾਂ ਨੇ ਬਾਹਰ ਕਾਲੇ ਅਫ਼ਗਾਨੇ ਦੇ ਅਤੇ ਇੱਸ ਧੱਕੇਸ਼ਾਹੀ ਦੇ ਖਿਲਾਫ਼ ਜਬਰਦਸਤ ਮੁਜ਼ਾਹਿਰਾ ਕੀਤਾ। ਇਸ ਅਖੌਤੀ ਕਾਨਫਰੰਸ ਵਿੱਚ ੧੫-੨੦ ਬੰਦੇ ਸਨ, ਜਿਨ੍ਹਾਂ ਵਿੱਚ ਸੰਗਤਾਂ ਦੇ ੪ ਮੈਂਬਰ ਅੰਦਰ ਜਾਣ ਵਿੱਚ ਸਫ਼ਲ ਹੋ ਗਏ। ਸਟਾਕਟਨ ਤੋਂ ਆਏ ਇੱਕ ੮੦ ਸਾਲਾ ਬਜ਼ੁਰਗ ਨੇ ਜਦੋਂ ਕਾਲਾ ਅਫ਼ਗਾਨੇ ਨੂੰ ਇਕ ਸੁਆਲ ਪੁਛਿਆ ਤਾਂ ਉਸ ਬਜ਼ੁਰਗ ਨੂੰ ਧੱਕੇ ਮਾਰਕੇ ਬਾਹਰ ਕੱਢ ਦਿੱਤਾ ਗਿਆ। ਪੁਲੀਸ ਜੁੱਤੀਆਂ ਸਮੇਤ ਦਰਬਾਰ ਹਾਲ ਵਿੱਚ ਦਾਖਲ ਹੋਈ। ਇੱਥੇ ਕਾਲੇ ਅਫ਼ਗਾਨੇ ਨੇ ਫ਼ਿਰ ਅੰਮ੍ਰਿਤ ਅਤੇ ਅੰਮ੍ਰਿਤ ਸੰਚਾਰ ਦੀਆਂ ਬਾਣੀਆਂ ਬਾਰੇ ਕਈ ਸ਼ੰਕੇ ਕੀਤੇ ਅਤੇ ਇਹ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਅੰਮ੍ਰਿਤ ਦੇ ਛਿੱਟੇ ਮਾਰਕੇ ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਨਾਲ ਜਿਉਂਦੇ ਨਹੀ ਕੀਤਾ ਅਤੇ ਕਿਹਾ ਕਿ ਇਸ ਅੰਮ੍ਰਿਤ ਨਾਲ ਤਾਂ ਹੁਣ ਕੋਈ ਮਰੀ ਚੂਹੀ ਨਹੀ ਜਿਉਂਦੀ ਹੁੰਦੀ। ਭਾਵ ਕਿ ਇਸ ਨੇ ਨਿਰਮੋਲਕ ਅੰਮ੍ਰਿਤ ਬਾਰੇ ਸ਼ੰਕੇ ਖੜੇ ਕੀਤੇ ਅਤੇ ਇਹ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਕਿ ਅੰਮ੍ਰਿਤ ਛਕਣ ਦੀ ਲੋੜ ਹੀ ਨਹੀ। ਇਸ ਦੇ ਬਿਆਨਾ ਦੀ ਟੇਪ ਰਿਕਾਰਡਿੰਗ ਸਾਡੇ ਪਾਸ ਮੌਜੂਦ ਹੈ।

(੬) ਇਹਨਾਂ ਦਿਨਾ ਵਿੱਚ ਹੀ ਸੈਨ ਹੋਜ਼ੇ, ਕੈਲੇਫ਼ੋਰਨੀਆ ਤੋਂ ਕੁਝ ਸਿੰਘਾਂ ਨੇ ਕਾਲਾ ਅਫ਼ਗਾਨੇ ਨਾਲ ਟੋਰਾਂਟੋ (ਕੈਨੇਡਾ) ਦੇ ਇਕ ਪੰਜਾਬੀ ਰੇਡੀਉ ਤੇ ਗੱਲਬਾਤ ਕਰਨ ਦੀ ਕੋਸ਼ਿਸ਼ ਕੀਤੀ। ਇਹ ਰੇਡੀਉ ਟਾਕ ਸ਼ੋਅ ਸ਼ੁਰੂ ਹੁੰਦਿਆਂ ਸਾਰ ਬਹਿਸ ਕਰਨ ਤੋਂ ਇਨਕਾਰੀ ਹੋ ਗਿਆ।

(੭) ਜੂਨ ੨੦੦੩ ਵਿੱਚ ਅਮਰੀਕਾ ਦੀਆਂ ਸੰਗਤਾਂ ਨੇ ਅਖਬਾਰਾਂ ਰਾਹੀਂ ਕਾਲਾ-ਅਫ਼ਗਾਨਾ ਅਤੇ ਇਸ ਦੇ ਹਮਾਇਤੀਆਂ ਨੂੰ ਬਹਿਸ ਕਰਨ ਦਾ ਖੁੱਲਾ ਚੈਲਿੰਜ ਕੀਤਾ ਅਤੇ ਕਿਹਾ ਕਿ ੨੯ ਜੂਨ ੨੦੦੩ ਨੂੰ ਐਲ ਸਬਰਾਂਟੇ, ਕੈਲੇਫ਼ੋਰਨੀਆ ਦੇ ਗੁਰਦੁਆਰਾ ਸਾਹਿਬ ਆਕੇ ਸਾਡੇ ਨਾਲ ਬਹਿਸ ਕਰਨ। ਪਰ ਇਹਨਾਂ ਵਿੱਚੋਂ ਕੋਈ ਵੀ ਉਥੇ ਨਹੀ ਬਹੁੜਿਆ।

ਸਾਧ ਸੰਗਤ ਜੀ, ਆਪ ਜੀ ਨੂੰ ਹੁਣ ਇਹ ਵਿਅਕਤੀ ਬਾਰੇ ਕੋਈ ਸ਼ੰਕਾ ਨਹੀ ਹੋਣਾ ਚਾਹੀਦਾ ਕਿ ਇਸਨੂੰ ਆਪਣਾ ਪੱਖ ਪੰਥਕ ਰਵਾਇਤਾਂ ਅਨੁਸਾਰ ਪੇਸ਼ ਕਰਨ ਦੇ ਬਹੁਤ ਹੀ ਮੌਕੇ ਦਿੱਤੇ ਜਦੋਂ ਇਹ ਪੰਥ ਵਿਚੋਂ ਅਜੇ ਛੇਕਿਆ ਨਹੀ ਗਿਆ ਸੀ। ਇਹ ਹਮੇਸ਼ਾਂ ਹੀ ਸੰਗਤਾਂ ਦੇ ਸੁਆਲਾਂ ਦਾ ਜੁਆਬ ਦੇਣ ਤੋਂ ਕੰਨੀ ਕਤਰਾਂਉਂਦਾ ਰਿਹਾ। ਹੁਣ ਜਦੋਂ ਕਿ ਪੰਥ ਵਿਚੋਂ ਛੇਕਿਆ ਗਿਆ ਹੈ ਅਤੇ ਅਕਾਲ ਤਖਤ ਸਾਹਿਬ ਵਲੋਂ ਹਰ ਸਿੱਖ ਨੂੰ ਅਦੇਸ਼ ਹੈ ਕਿ ਇਸ ਨੂੰ ਕਿਸੇ ਤਰਾਂ ਦਾ ਸਹਿਯੋਗ ਨਾ ਦਿੱਤਾ ਜਾਏ ਅਤੇ ਨਾ ਹੀ ਇੱਸ ਨਾਲ ਸਮਾਜਕ ਸਬੰਧ ਰੱਖਿਆ ਜਾਏ।ਕਾਲੇ ਅਫ਼ਗਾਨੇ ਕੋਲ ਸਿਰਫ਼ ਇਕੋ ਹੀ ਰਾਹ ਹੈ ਕਿ ਉਹ ਸ੍ਰੀ ਅਕਾਲ ਤਖਤ ਸਾਹਿਬ ਤੇ ਪੇਸ਼ ਹੋ ਕੇ ਆਪਣੀ ਗਲਤੀ ਦਾ ਪਸ਼ਤਾਚਾਪ ਕਰੇ ਅਤੇ ਭੁੱਲ ਬਖਸ਼ਾਏ। ਉਸ ਤੋਂ ਬਾਅਦ ਅਸੀਂ ਕਾਲੇ ਅਫ਼ਗਾਨੇ ਦਾ ਹਰ ਚੈਲਿੰਜ ਕਬੂਲਣ ਲਈ ਤਿਆਰ ਹਾਂ।

ਹੁਣ ਤੱਕ ਕਾਲਾ ਅਫ਼ਗਾਨਾ ਝੂਠਾ ਸਾਬਤ ਹੋਇਆ ਹੈ। ਕਦੇ ਇਸ ਨੇ ਬਿਮਾਰੀ ਦਾ ਬਹਾਨਾ ਲਾ ਕੇ ਇੰਡੀਆ ਆ ਕੇ ਅਕਾਲ ਤਖਤ ਸਾਹਿਬ ਪੇਸ਼ ਹੋਣ ਤੋਂ ਇਹ ਕਹਿ ਕੇ ਟਾਲ ਮਟੋਲ ਕੀਤੀ ਹੈ ਅਤੇ ਕਦੀ ਇਹ ਕਿਹਾ ਹੈ ਕਿ ਮੈਂ ਭਿੰਡਰਾਂਵਾਲਿਆਂ ਦੇ ਨਜ਼ਦੀਕ ਰਿਹਾ ਹਾਂ ਅਤੇ ਮੈਨੂੰ ਇੰਡੀਆਂ ਆਉਣ ਤੇ ਗ੍ਰਿਫ਼ਤਾਰ ਕਰ ਲਿਆ ਜਾਵੇਗਾ। ਇਹ ਦੋਵੇਂ ਗੱਲਾਂ ਝੂਠੀਆਂ ਸਾਬਤ ਹੋ ਚੁਕੀਆਂ ਹਨ। ਹੈਰਾਨੀ ਦੀ ਗੱਲ ਹੈ ਕਿ ਉਹੀ ਕਾਲਾ ਅਫ਼ਗਾਨਾ ਜਿਹੜਾ ਕਿ ਮੰਜੇ ਤੇ ਜੁੜੇ ਹੋਣ (bed-ridden) ਦਾ ਬਹਾਨਾ ਲਾ ਰਿਹਾ ਸੀ, ਹੁਣ ਸਾਰੇ ਪੰਜਾਬ ਵਿੱਚ ਸ਼ਰੇਆਮ ਘੁੰਮ ਰਿਹਾ ਹੈ। ਇਹ ਅਮਰੀਕਾ ਅਤੇ ਕੈਨੇਡਾ ਵਿੱਚ ਵੀ ਇਸੇ ਤਰਾਂ ਹੀ ਦਨਦਨਾਉਂਦਾ ਰਿਹਾ ਹੈ। ਹੁਣ ਇਹ ਸ਼ਖਸ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦਾ ਨਜ਼ਦੀਕੀ ਹੋਣ ਦੀ ਬਜਾਏ ਪੰਜਾਬ ਦੇ ਪੁਲਿਸ ਮੁਖੀ ਮਿ: ਸਦੀਕੀ ਦਾ ਨਜ਼ਦੀਕੀ ਜਾਪਦਾ ਹੈ।

ਸਾਧ ਸੰਗਤ ਜੀ! ਤੁਸੀਂ ਆਪ ਹੀ ਅੰਦਾਜਾ ਲਾਉ ਕਿ ਇਸ ਨਿਰਅਕਸ਼ਰ ਅਤੇ ਅਖੌਤੀ ਬੁਧੀਜੀਵੀ ਦੀ ਪਿੱਠ ਪਿਛੇ ਕਿਹੜੀਆਂ ਤਾਕਤਾਂ ਕੰਮ ਕਰ ਰਹੀਆਂ ਹਨ।

ਗੁਰੂ ਪੰਥ ਦੇ ਦਾਸ:

ਖਾਲਸਾ ਅਲਾਇੰਸ (ਅਮਰੀਕਾ) Khalsa Alliance, USA

www.KhalsaAlliance.org

for more information contact info@KhalsaAlliance.org

#####